**File No. FD-FB-109/29/2020-1FB1**

**I/567736/2023**

ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਬਜਟ-1 ਸ਼ਾਖਾ)

ਵਿਸ਼ਾ :- ਖਜਾਨੇ ਵਿਚੋਂ ਰਾਸ਼ੀ ਕਢਵਾਉਣ ਸਬੰਧੀ ਜਿਹਨਾਂ ਸਕੀਮਾਂ ਦੇ ਮੇਜਰ ਹੈਡਾਂ ਵਿੱਚ ਡਿਟੇਲਡ ਹੈਡ 51, 52, 53 ਅਤੇ 54 ਹਨ, ਮਹਾਂਲੇਖਾਕਾਰ, ਪੰਜਾਬ ਤੋਂ ਡੀ.ਡੀ.ਓ ਪਾਵਰਾਂ ਲੈਣ ਵਿਚ ਢਿੱਲ ਦੇਣ ਬਾਰੇ।

****

ਸਮੂਹ ਵਿਸ਼ੇਸ ਮੁੱਖ ਸਕੱਤਰ, ਪੰਜਾਬ ਸਰਕਾਰ, ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ, ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਅਤੇ ਪ੍ਰਮੁੱਖ ਰੈਜੀਡੈਂਟ ਕਮਿਸ਼ਨਰ, ਪੰਜਾਬ ਭਵਨ, ਨਵੀਂ ਦਿੱਲੀ ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਕਿਰਪਾਲਤਾ ਕਰਨ ਜੀ।

2. ਵਿਸ਼ੇ ਅੰਕਿਤ ਮਾਮਲੇ ਦੇ ਸਬੰਧ ਵਿਚ ਲਿਖਿਆ ਜਾਂਦਾ ਹੈ ਕਿ ਪੰਜਾਬ ਬਜਟ ਮੈਨੂਅਲ ਦੇ ਨਿਯਮ 2.16 ਅਨੁਸਾਰ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਲੋਂ ਖਜਾਨੇ ਵਿਚੋਂ ਰਾਸੀ ਕਢਵਾਉਣ ਲਈ ਡੀ.ਡੀ.ਓ ਪਾਵਰਾਂ ਲਈਆਂ ਜਾਂਦੀਆਂ ਹਨ ਪਰੰਤੂ ਮਹਾਂਲੇਖਾਕਾਰ, ਪੰਜਾਬ ਵੱਲੋਂ ਜਿਹਨਾਂ ਸਕੀਮਾਂ ਦੇ **ਮੇਜਰ ਹੈੱਡਾਂ ਵਿਚ ਡਿਟੇਲਡ ਹੈੱਡ 51,52,53 ਅਤੇ 54 ਹੈ,** ਵਿਚ ਡੀ.ਡੀ.ਓ. ਪਾਵਰਾਂ ਜਾਰੀ ਨਹੀਂ ਕੀਤੀਆਂ ਜਾ ਰਹੀਆਂ, ਜਿਸ ਕਰਕੇ ਸਰਕਾਰੀ ਕੰਮਾਂ ਦਾ ਹਰਜਾ ਹੋ ਰਿਹਾ ਹੈ। ਇਸ ਲਈ ਪੰਜਾਬ ਖਜਾਨਾ ਨਿਯਮਾਂਵਲੀ ਦੇ ਨਿਯਮ 2 ਅਧੀਨ **The Punjab Treasury Rules, 154 (1)** ਵਿਚ ਢਿੱਲ ਦਿੰਦੇ ਹੋਏ ਜਿਨ੍ਹਾਂ ਵਿਭਾਗਾਂ ਦੀਆਂ ਸਕੀਮਾਂ ਦੇ ਮੇਜਰ ਹੈੱਡਾਂ ਵਿਚ ਡਿਟੇਲਡ ਹੈੱਡ **51- State Share (Excluding Loans and Grants) 52- Centre Share (Grants from GOI) 53- (Loans from NABARD) 54-(Loans from External Agencies for EAP Schemes)** ਹੈ, ਨੂੰ ਸਾਲ 2023-24 ਦੌਰਾਨ ਮਹਾਂਲੇਖਾਕਾਰ, ਪੰਜਾਬ ਤੋਂ ਡੀ.ਡੀ.ਓ ਪਾਵਰਾਂ ਲੈਣ ਤੋਂ ਛੋਟ ਦਿੱਤੀ ਜਾਂਦੀ ਹੈ।

3. ਇਹ ਪੱਤਰ ਮਾਨਯੋਗ ਵਿੱਤ ਮੰਤਰੀ, ਪੰਜਾਬ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਬਜਟ ਅਫਸਰ

ਸੇਵਾ ਵਿਖੇ,

1. ਸਮੂਹ ਵਿਸ਼ੇਸ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।
2. ਪ੍ਰਮੁੱਖ ਰੈਜੀਡੈਂਟ ਕਮਿਸ਼ਨਰ, ਪੰਜਾਬ ਭਵਨ, ਕਾਪਰਨਿਕਸ ਮਾਰਗ, ਨਵੀਂ ਦਿੱਲੀ।

ਅੰ:ਵਿ:ਪੱ:ਨੰ:109/29/2020-1ਵਿਬ1/I/567736/2023 ਮਿਤੀ, ਚੰਡੀਗੜ੍ਹ: 25.05.2023

File No. FD-FB-109/29/2020-1FB1

I/567736/2023

ਇਕ ਉਤਾਰਾ ਸਮੂਹ ਸਕੱਤਰ ਵਿੱਤ, ਸਕੱਤਰ ਖਰਚਾ ਅਤੇ ਵਿਸ਼ੇਸ ਸਕੱਤਰ ਵਿੱਤ ਜੀ ਨੂੰ ਸੂਚਨਾ ਅਤੇ ਲੋੜੀਂਦੀ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਹਰਵਿੰਦਰ ਸਿੰਘ

ਬਜਟ ਅਫਸਰ

ਸੇਵਾ ਵਿਖੇ,

1. ਸਮੂਹ ਸਕੱਤਰ ਵਿੱਤ,
2. ਸਕੱਤਰ ਖਰਚਾ,
3. ਵਿਸ਼ੇਸ ਸਕੱਤਰ ਵਿੱਤ।

ਅੰ:ਵਿ:ਪੱ:ਨੰ:109/29/2020-1ਵਿਬ1/I/567736/2023 ਮਿਤੀ, ਚੰਡੀਗੜ੍ਹ: 25.05.2023

ਇਕ ਉਤਾਰਾ ਉੱਪ ਸਕੱਤਰ ਵਿੱਤ (ਜਸ), ਅਧੀਨ ਸਕੱਤਰ ਵਿੱਤ (ਜਕ), ਸਮੂਹ ਸੁਪਰਡੰਟ ਵਿੱਤ ਖਰਚਾ ਸ਼ਾਖਾਵਾਂ, ਸੁਪਰਡੰਟ ਵਿੱਤ ਬਜਟ-2 ਸ਼ਾਖਾ ਅਤੇ ਸੁਪਰਡੰਟ ਵਿੱਤ ਪੈਨਸ਼ਨ ਪਾਲਿਸੀ ਅਤੇ ਤਾਲਮੇਲ ਸ਼ਾਖਾ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਹਰਵਿੰਦਰ ਸਿੰਘ

ਬਜਟ ਅਫਸਰ

ਸੇਵਾ ਵਿਖੇ,

1. ਉੱਪ ਸਕੱਤਰ ਵਿੱਤ,
2. ਅਧੀਨ ਸਕੱਤਰ ਵਿੱਤ (ਜਕ),
3. ਸਮੂਹ ਸੁਪਰਡੰਟ, ਵਿੱਤ ਖਰਚਾ ਸ਼ਾਖਾਵਾਂ ਅਤੇ ਸੁਪਰਡੰਟ ਵਿੱਤ ਬਜਟ-2 ਸ਼ਾਖਾ,
4. ਸੁਪਰਡੰਟ, ਵਿੱਤ ਪੈਨਸ਼ਨ ਪਾਲਿਸੀ ਅਤੇ ਤਾਲਮੇਲ ਸ਼ਾਖਾ ।

ਅੰ:ਵਿ:ਪੱ:ਨੰ:109/29/2020-1ਵਿਬ1/I/567736/2023 ਮਿਤੀ, ਚੰਡੀਗੜ੍ਹ: 25.05.2023
ਪਿੱਠ ਅੰਕਣ ਨੰ:109/29/2020-1ਵਿਬ1/I/567736/2023 ਮਿਤੀ, ਚੰਡੀਗੜ੍ਹ: 25.05.2023

ਇਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

1. ਡਾਇਰੈਕਟਰ, ਖਜਾਨਾ ਅਤੇ ਲੇਖਾ, ਪੰਜਾਬ, ਚੰਡੀਗੜ੍ਹ।
2. ਸਮੂਹ ਜਿਲਾ ਖਜਾਨਾ ਅਫਸਰ, ਪੰਜਾਬ ਰਾਜ।
3. ਡਾਇਰੈਕਟਰ, ਪਬਲਿਕ ਇੰਟਰਪ੍ਰਾਈਜਿਜ ਐਂਡ ਡਿਸਇੰਨਵੈਸਟਮੈਂਟ, ਪੰਜਾਬ, ਚੰਡੀਗੜ੍ਹ।
4. ਡਿਪਟੀ ਡਾਇਰੈਕਟਰ, ਵਿੱਤੀ ਵਸੀਲੇ ਅਤੇ ਆਰਥਿਕ ਜਾਣਕਾਰੀ, ਪੰਜਾਬ।

ਹਰਵਿੰਦਰ ਸਿੰਘ

ਬਜਟ ਅਫਸਰ

ਪਿੱਠ ਅੰਕਣ ਨੰ:109/29/2020-1ਵਿਬ1/I/567736/2023 ਮਿਤੀ, ਚੰਡੀਗੜ੍ਹ:25.05.2023

ਇਕ ਉਤਾਰਾ ਮਹਾਂਲੇਖਾਕਾਰ, ਪੰਜਾਬ (ਲੇਖਾ ਅਤੇ ਹੱਕਦਾਰੀ) ਅਤੇ ਮਹਾਂਲੇਖਾਕਾਰ, ਪੰਜਾਬ (ਆਡਿਟ) ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਹਰਵਿੰਦਰ ਸਿੰਘ

ਬਜਟ ਅਫਸਰ

ਕਾਪੀ:-

emailed 26/5/23

ਨਿੱਜੀ ਸਕੱਤਰ/ ਪ੍ਰਮੁੱਖ ਸਕੱਤਰ, ਵਿੱਤ ।